ਮੁਖਵਾਕ ਨੰਬਰ ੯੯ [ਆਦਿ ਅੰਗ ੬੮੭]

***ਧਨਾਸਰੀ ਮਹਲਾ ੧ ਛੰਤ ੴ ਸਤਿਗੁਰ ਪ੍ਰਸਾਦਿ ॥ ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥ ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥ ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥ ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥ ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥ ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥ ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥ ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥ ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥ ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥***

## ***ਧਨਾਸਰੀ ਮਹਲਾ ੧ ਛੰਤ ॥***

ਇਹ ਗੁਰੂਵਾਕ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਨਾਸਰੀ ਰਾਗਣੀ ਵਿੱਚ ਅੰਕਿਤ ਹੈ। ਇਸ ਸ਼ਬਦ ਦੇ ਸ਼ੁਰੂ ਵਿੱਚ ਛੰਤ ਲਿਖਿਆ ਹੈ। ਛੰਦਾਂ ਦੇ ਅਨੇਕ ਭੇਦ ਹੋਇਆ ਕਰਦੇ ਹਨ। ਇਸ ਦਾ ਅਰਥ ਹੈ ਅਬਿਤਾ ਕਾਵ ਦੀ ਕੋਈ ਰਚਨਾ। ਹਰੀ ਦੇ ਜਸ ਦੇ ਗੀਤ ਬਾਣੀ ਵਿੱਚ ਇਕ ਪ੍ਰਕਾਰ ਦੇ ਸ਼ਬਦ ਜੋ ਚਾਰ ਤੁਕੇ ਵੀ ਹਨ।

**ਯਥਾ—ਤੂੰ ਸੁਣਿ ਹਰਣਾ ਕਾਲਿਆ... ॥**

ਇਹ ਸ਼ਬਦ ਜੋ ਮੁਖਵਾਕ ਰੂਪ ਵਿੱਚ ਆਇਆ ਹੈ। ਇਹ ਚਾਰ ਤੁਕੇ ਵਾਲੇ ਛੰਤਾਂ ਵਿੱਚੋਂ ਹੈ। ਛੰਤ ਦਾ ਭਾਵ ਹਰੀ ਜਸ ਦਾ ਗੀਤ ਵਾ ਪ੍ਰਸੰਨਤਾ, ਅਨੰਦਦਾਇਕ ਵਾਹਿਗੁਰੂ ਦਾ ਜਸ।

## ***ੴ ਸਤਿਗੁਰ ਪ੍ਰਸਾਦਿ ॥***

੧=ਅਦੁੱਤੀ, ੴ=ਪ੍ਰਕਾਸ਼ ਰੂਪ ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ। ਉਥਾਨਕਾ—ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁਲ ਦੇ ਕੁਝ ਲੋਕਾਂ ਦੇ ਇਕੱਠੇ ਹੋ ਕੇ ਕਿਹਾ ਕਿ ਬੇਦੀ ਕੁਲ ਦੇ ਬਜ਼ੁਰਗ ਸੂਰਜ ਗ੍ਰਹਿਣ ਦੇ ਸਮੇਂ ਥਨੇਸ਼ਰ ਤੀਰਥ ਤੇ ਜਾਂਦੇ ਹਨ। ਆਓ ਆਪਾਂ ਭੀ ਆਪਣੇ ਕੁਲ ਰੀਤ ਅਨੁਸਾਰ ਪੁਰਬ ਦੇ ਮੌਕੇ ਥਨੇਸਰ ਤੀਰਥ ਤੇ ਚੱਲੀਏ, ਥਨੇਸਰ=ਥਾਨ=ਅਸਥਾਨ ਏਸਰ=ਈਸ਼ਰ, ਮਹਾਂਦੇਵ ਸ਼ਿਵ ਦਾ ਅਸਥਾਨ ਹੋਣ ਕਰਕੇ ਤੀਰਥ ਅਤੇ ਸ਼ਹਿਰ ਦਾ ਨਾਮ ਥਨੇਸਰ ਹੋ ਗਿਆ। ਸੂਬਾ ਹਰਿਆਣਾ ਜ਼ਿਲ੍ਹਾ ਕੁਰਛੇਤਰ ਤੇ ਇਸ ਸ਼ਹਿਰ ਵਿੱਚ ਸਤਿਗੁਰਾਂ ਦੇ ਇਤਿਹਾਸਿਕ ਸੱਤ ਗੁਰਦੁਆਰੇ ਸੁਭਾਇਮਾਨ ਹਨ। ਕਈ ਸੰਪਰਦਾਈ ਗਿਆਨੀ ਸਿੱਖਾਂ ਵੱਲੋਂ ਤੀਰਥ ਤੇ ਜਾਣ ਦੀ ਉਥਾਨਕਾ ਮੰਨਦੇ ਹਨ, ਪਰ ਇਹ ਢੁਕਦੀ ਨਹੀਂ ਬਲਕਿ ਸਿਧਾਂ ਵੱਲੋਂ ਅਤੇ ਕੁਲ ਦੇ ਵੱਡਿਆਂ ਵੱਲੋਂ ਹੀ ਇਹ ਕਿਹਾ ਸਿਧ ਹੈ। ਜਿਨ੍ਹਾਂ ਲੋਕਾਂ ਵਿੱਚ ਤੀਰਥ ਦੀ ਭਾਵਨਾ ਵਧੇਰੇ ਵਸੀ ਹੋਈ ਸੀ, ਉਹਨਾਂ ਨੂੰ ਸਚ ਦਾ ਰਾਹ ਦਿਖਾਉਂਦਿਆਂ ਸਤਿਗੁਰਾਂ ਨੇ ਸਾਰਿਆਂ ਤੀਰਥਾਂ ਤੋਂ ਵੱਡਾ ਤੀਰਥ ਨਾਮ ਦਸਦਿਆਂ ਸ਼ਬਦ ਉਚਾਰਨ ਕੀਤਾ।

PDF created with pdfFactory Pro trial version www.pdffactory.com

## ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥

ਸਤਿਗੁਰੂ ਜੀ ਨੇ ਕਿਹਾ ਮੈਨੂੰ ਪ੍ਰੇਰਨਾ ਕਰਨ ਵਾਲਿਓ ! ਕਿਸ ਤੀਰਥ ਤੇ ਨਾਵਣ ਜਾਉ=ਨਾਵਣ ਜਾਵਾਂ ਕਿਉਂਕਿ ਅਸਲ ਤੀਰਥ ਤਾਂ ਨਾਮ ਹੀ ਹੈ। ਤੀਰਥ ਤੇ ਤਾਂ ਜਾਈਏ ਜੇ ਪਹਿਲਾਂ ਤੀਰਥ ਤੇ ਨਿਵਾਸ ਨਾ ਕਰਦੇ ਹੋਈਏ, ਮੈਂ ਤਾਂ ਪਹਿਲਾਂ ਹੀ ਤੀਰਥ ਤੇ ਨਿਵਾਸ ਕਰਦਾ ਹਾਂ ਸਿੱਧਾਂ ਪੁਛਿਆ ਤੁਸੀਂ ਕਿਹੜੇ ਤੀਰਥ ਤੇ ਨਿਵਾਸ ਕਰਦੇ ਹੋ। ਸਤਿਗੁਰਾਂ ਉੱਤਰ ਵਿੱਚ ਕਿਹਾ ਤੀਰਥੁ ਨਾਮੁ=ਨਾਮ ਰੂਪ ਤੀਰਥ ਤੇ ਨਿਵਾਸ ਕਰਦੇ ਹਾਂ। ਦੂਜਾ ਇਕ ਹੋਰ ਭੀ ਤੀਰਥ ਹੈ।

## ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥

ਗੁਰਾਂ ਦੇ ਸਬਦ ਤੋਂ ਬ੍ਰਹਮ ਵਿਚਾਰ ਕਰਕੇ ਜੋ ਅੰਦਰ ਗਿਆਨ ਪ੍ਰਾਪਤ ਹੋਇਆ ਇਹ ਦੂਸਰਾ ਤੀਰਥ ਹੈ। ਕਹੇ ਹੋਏ ਨੂੰ ਫੇਰ ਸਪੱਸ਼ਟ ਕਰਦੇ ਹਨ।

## ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥

ਗੁਰਾਂ ਦੁਆਰਾ ਜੋ ਸੱਚੇ ਵਾਹਿਗੁਰੂ ਦਾ ਗਿਆਨ ਪ੍ਰਾਪਤ ਹੋਇਆ ਹੈ ਇਹੋ ਹੀ ਥਾਨੁ=ਥਨੇਸਰ ਤੀਰਥ ਹੈ। ਪ੍ਰਤੱਖ ਥਨੇਸਰ ਤੀਰਥ ਉੱਪਰ ਤਾਂ ਦਸ ਪੁਰਬਾਂ ਦਾ ਇਕੱਠ ਕਦੇ-ਕਦੇ ਹੁੰਦਾ ਹੈ। ਸਾਡੇ ਇਸ ਨਾਮ ਗਿਆਨ ਰੂਪੀ ਥਾਨੇਸਰ ਤੀਰਥ ਉਪਰ ਦਸ ਪੁਰਬਾਂ ਦਾ ਸਦਾ ਹੀ ਦਸਾਹਰਾ=ਇਕੱਠ ਹੋ ਰਿਹਾ ਹੈ। ਪੁਰਾਣਕ ਮਤ ਅਨੁਸਾਰ ਜਦੋਂ ਦਸ ਪੁਰਬਾਂ ਦਾ ਦਸਾਹਰਾ=ਇਕੱਤਰ ਹੋਣਾ ਹੁੰਦਾ ਹੈ। ਉਸ ਵਕਤ ਇਸ਼ਨਾਨ ਦਾ ਵਿਸ਼ੇਸ਼ ਫਲ ਦੱਸਿਆ ਹੈ। ਪਰ ਅੰਤਰੀਵ ਵਿੱਚ ਨਾਮ ਗਿਆਨ ਪ੍ਰਾਪਤ ਹੋਏ ਤੋਂ ਦਸ ਪੁਰਬਾਂ ਦਾ ਸਦਾ ਹੀ ਦਸਾਹਰਾ=ਅਨੰਦ ਹੋ ਰਿਹਾ ਹੈ। ਅਥਵਾ ਦਸਾਹਰਾ=ਦਸ ਇੰਦ੍ਰੀਆਂ ਦਾ ਹਰਨ ਭਾਵ ਦਮਨ ਕਰਨ ਰੂਪ ਦਸ ਪੁਰਬ ਸਦਾ ਹੀ ਲਗ ਰਹੇ ਹਨ। ਜਿਵੇਂ ਪ੍ਰਤੱਖ ਥਨੇਸਰ ਤੀਰਥ ਉੱਪਰ ਜਦੋਂ ਦਸ ਪੁਰਬ ਲਗਦੇ ਹਨ। ਉਸ ਮੌਕੇ ਜੋ ਪੁਰਸ਼ ਇਸ਼ਨਾਨ ਕਰਦੇ ਹਨ। ਉਹਨਾਂ ਦੇ ਦਸ ਪਾਪ ਨਾਸ ਹੋ ਜਾਂਦੇ ਹਨ। ਇਸੇ ਤਰ੍ਹਾਂ ਅੰਤ੍ਰੀਵ ਗਿਆਨ ਰੂਪ ਥਨੇਸਰ ਤੀਰਥ ਉੱਪਰ ਜੋ ਇੰਦਰਿਆਂ ਦੇ ਦਮਨ ਕਰਨੇ ਰੂਪ ਦਸ ਪੁਰਬ ਵਿਖੇ ਜੋ ਇਸ਼ਨਾਨ ਕਰਦੇ ਹਨ, ਉਸ ਦੇ ਸਦਾ ਹੀ ਦਸ ਪਾਪ ਹਰੇ ਜਾਂਦੇ ਹਨ। ਇਸ ਲਈ ਪ੍ਰਤੱਖ ਤੀਰਥ ਨਾਲੋਂ ਇਸ ਦੀ ਵਿਸ਼ੇਸ਼ਤਾ ਹੈ। ਤੀਰਥ ਦਾ ਅਰਥ ਪਵਿੱਤ੍ਰਤਾ ਹੈ। ਸੋ ਪਵਿੱਤਰਤਾ ਨਾਮ ਔਰ ਗਿਆਨ ਤੋਂ ਵੱਧ ਕਿਸੇ ਵੀ ਥਾਂ ਤੇ ਨਹੀਂ ਹੋ ਸਕਦੀ। ਪਾਪ ਨਾਸ਼ਕ ਜਗ੍ਹਾ ਨੂੰ ਤੀਰਥ ਕਿਹਾ ਹੈ, ਔਰ ਨਾਮ ਗਿਆਨ ਸਭ ਤੋਂ ਵੱਧ ਪਾਪ ਨਾਸਕ ਹਨ।

ਦਸ ਪੁਰਬ=ਹਿੰਦੂ ਮੱਤ ਵਿੱਚ ਕਲਪੇ ਗਏ ਦਸ ਪੁਰਬ [੧] ਜੇਠ ਦਾ ਮਹੀਨਾ [੨] ਸ਼ੁਕਲਾ ਪਖ [੩] ਦਸਮੀ ਥਿਤ [੪] ਹਸਤ ਨਿਛੱਤ੍ਰ [੫] ਬੁੱਧਵਾਰ [੬] ਗੁਰ ਕਰਣ [੭] ਅਨੰਦ ਯੋਗ [੮] ਵਿਤੀ ਪਾਤ [੯] ਕੰਨਯਾ ਦਾ ਚੰਦ੍ਰਮਾ [੧੦] ਬ੍ਰਿਖ ਦਾ ਸੂਰਜ, ਇਹ ਦਸ ਪੁਰਬ ਕਹੇ ਜਾਂਦੇ ਹਨ।

ਦਸ ਕਿਸਮ ਦੇ ਪਾਪ ਲਾਹੁਣ ਵਾਸਤੇ ਦਸ ਪੁਰਬਾਂ ਦੀ ਵੀਚਾਰ ਪੁਰਾਣਾਂ ਵਿੱਚ ਆਈ ਹੈ। ਮਨ, ਬਾਣੀ ਸਰੀਰ ਨੂੰ ਲੱਗਣ ਵਾਲੇ ਦਸ ਪਾਪ ਮੰਨੇ ਹਨ। ਜਿਨ੍ਹਾਂ ਵਿਚੋਂ ਤਿੰਨ ਪਾਪ ਸਰੀਰ ਦੇ ਹਨ [੧] ਜੀਵ ਹਿੰਸਾ [੨] ਬਿਨਾ ਦਿੱਤੀ ਵਸਤੂ ਗ੍ਰਹਿਣ ਕਰਨੀ ਭਾਵ ਚੋਰੀ ਕਰਨੀ, [੩] ਪਰ ਇਸਤਰੀ ਗਮਨ ਕਰਨਾ। ਚਾਰ ਪਾਪ ਬਾਣੀ ਭਾਵ ਜੋ ਬੋਲਣ ਕਰਕੇ ਲਗਦੇ ਹਨ :—[੪] ਰੁਖਾ ਬੋਲਣਾ, [੫] ਝੂਠ ਬੋਲਣਾ, [੬] ਚੁਗਲੀ ਕਰਨੀ, [੭] ਅਨਰਥ ਭਾਵ ਵਿਆਰਥ ਬੋਲਣਾ, ਜਿਸ ਦਾ ਕੋਈ ਅਰਥ ਨਾ ਬਣਦਾ ਹੋਵੇ। ਮਨ ਦੁਆਰਾ ਲੱਗਣ ਵਾਲੇ ਤਿੰਨ ਪਾਪ [੮] ਪਰਾਇਆ ਧਨ ਗ੍ਰਹਿਣ ਕਰਨ ਦੀ ਇੱਛਾ [੯] ਬੁਰਾ ਚਿਤਵਨਾ [੧੦] ਦੂਜੇ ਦੀ ਬਿਭੂਤੀ ਦੇਖ ਕੇ ਸੜਨਾ। ਇਹ ਦਸ ਪੁਰਬਾਂ ਤੇ ਦਸ ਪਾਪ ਬ੍ਰਹਮਾਂਡ ਪ੍ਰਾਣ ਵਿੱਚ ਲਿਖੇ ਹੋਏ ਹਨ ਗੁਰਮਤਿ ਨਿਰਣੇ ਸਾਗਰ ਦੇ ੪੯੦ ਸਫੇ ਤੇ ਪੰਡਿਤ ਤਾਰਾ ਸਿੰਘ ਨਿਰੋਤਮ ਜੀ ਦੇ ਲਿਖੇ ਹੋਏ ਹਨ।

PDF created with pdfFactory Pro trial version www.pdffactory.com

[੨] ਜੇਠ ਸ਼ੁਕਲਾ ਦਸਮੀ ਜਿਸ ਦਿਨ ਗੰਗਾ ਦਾ ਜਨਮ ਹੋਇਆ ਉਸਨੂੰ ਗੰਗਾ ਦਸਾਹਰਾ ਕਹਿੰਦੇ ਹਨ। ਲੋਕੀ ਮੰਨਦੇ ਹਨ, ਜੇ ਇਸ ਦਿਨ ਗੰਗਾ ਇਸ਼ਨਾਨ ਕੀਤਾ ਜਾਏ ਤਾਂ ਦਸ ਤਰ੍ਹਾਂ ਦੇ ਪਾਪ ਨਾਸ ਹੋ ਜਾਂਦੇ ਹਨ। ਜੇ ਇਸ ਦਿਨ ਇਸ ਥਿਤ ਵਿੱਚ ਹਸਤ ਨਛੱਤ੍ਰ ਤੇ ਮੰਗਲਵਾਰ ਪੈ ਜਾਵੇ ਤਾਂ ਹੋਰ ਭੀ ਭਿਆਨਕ ਮੰਨਦੇ ਹਨ। ਇਸ ਦਿਨ ਲੋਕੀ ਗੰਗਾ ਦਾ ਪੂਜਨ ਭੀ ਕਰਦੇ ਹਨ। ਮਹਾਨ ਕੋਸ਼ ਦੇ ਨਿਰਨੇ ਅਨੁਸਾਰ [੧] ਅਸਟਮੀ [੨] ਚਤੁਰਦਸੀ [ਚੌਂਦੇ] [੩] ਅਮਾਵਸ [ਮੱਸਿਆ] [੪] ਪੂਰਨਮਾਸ਼ੀ [੫] ਸੰਕ੍ਰਾਂਤਿ [ਸੰਗਰਾਂਦ] [੬] ਉਤਰਾਯਨ [੭] [ਦਕਿਣਾਯਨ] [੮] ਵਜ੍ਰਤਿਪਾਤ [੯] ਚੰਦ੍ਰ ਗ੍ਰਹਿਣ [੧੦] ਸੂਰਯ ਗ੍ਰਹਿਣ।

## ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥

ਹੇ ਧਰਤੀ ਦੇ ਧਰਾ=ਆਸਰਾ ਰੂਪ ਪ੍ਰਭੂ ਮੈਂ ਸਦਾ ਹੀ ਹਰੀ ਦਾ ਨਾਮ ਮੰਗਦਾ ਹਾਂ ਕ੍ਰਿਪਾ ਕਰਕੇ ਦੇਹੁ=ਦੇਣਾ ਕਰੋ।

ਯਥਾ— **ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥** [ਗਉੜੀ ਮ: ੫, ਅੰਗ ੨੮੯]

## ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥

ਸਾਰਾ ਸੰਸਾਰ ਬਿਕਾਰਾਂ ਰੂਪ ਰੋਗਾਂ ਵਿੱਚ ਪਿਆ ਹੋਇਆ ਹੈ। ਇਕ ਪ੍ਰਭੂ ਦਾ ਸੱਚਾ ਨਾਮ ਹੀ ਦਾਰੂ=ਦਵਾਈ ਹੈ। ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਤੋਂ ਬਿਨਾਂ ਮਨ ਨੂੰ ਮੈਲ ਲਗ ਜਾਂਦੀ ਹੈ।

## ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥

ਗੁਰੂ ਦਾ ਵਾਕ=ਸ਼ਬਦ ਹੀ ਪ੍ਰਾਣੀ ਨੂੰ ਨਿਰਮਲੁ=ਪਵਿੱਤ੍ਰ ਸਦਾ ਚਾਨਣੁ=ਸਦਾ ਆਤਮਕ ਚਾਨਣ ਦਿੰਦਾ ਹੈ। ਇਹ ਵਾਕ ਨਿਤ=ਸਦਾ ਕਾਇਮ ਰਹਿਣ ਵਾਲਾ ਤੀਰਥ ਹੈ। ਇਸ ਆਤਮਕ ਰੂਪ ਸੱਚੇ ਤੀਰਥ ਤੇ ਮਜਨਾ=ਇਸ਼ਨਾਨ ਕਰਨਾ ਹੀ ਸੱਚਾ ਤੀਰਥ ਇਸ਼ਨਾਨ ਹੈ।

## ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥

ਪ੍ਰਭੂ ਦੇ ਸੱਚੇ ਨਾਮ ਵਿੱਚ ਜੁੜਿਆਂ ਨੂੰ ਵਿਕਾਰਾਂ ਰੂਪ ਮੈਲ ਨਹੀਂ ਲਗਦੀ। ਜਿਸ ਕਰਕੇ ਫੇਰ ਤੀਰਥਾਂ ਆਦਿ ਤੇ ਜਾ ਕਰਕੇ ਕਿਆ=ਕੋਈ, ਮਲੁ=ਮੈਲ, ਧੋਈਐ=ਧੋਣ ਦੀ ਲੋੜ ਨਹੀਂ ਪੈਂਦੀ।

## ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥

ਪ੍ਰਮਾਤਮਾ ਦੇ ਸਿਫਤਾਂ ਰੂਪੀ ਹਾਰ ਨੂੰ ਹਿਰਦੇ ਵਿੱਚ ਪਰੋਇ=ਪਰੋ ਕਰਕੇ ਵਾ ਸ਼ੁਭ ਗੁਣਾਂ ਰੂਪੀ ਹਾਰ ਨੂੰ ਪਰੋ ਕਰਕੇ ਕਿਸ ਕਉ ਰੋਈਐ=ਫਿਰ ਕਿਸੇ ਦੇਵੀ ਦੇਵਤਿਆਂ ਅੱਗੇ ਪੁਕਾਰਾਂ ਕਰਣ ਰੂਪ ਰੋਣ ਦੀ ਲੋੜ ਨਹੀਂ ਪੈਂਦੀ।

## ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥

ਜਿਹੜੇ ਪ੍ਰਾਣੀ ਗੁਰੂ ਦੇ ਸ਼ਬਦ ਵਿਚਾਰ ਰਾਹੀਂ ਮਨ ਨੂੰ ਵਿਕਾਰਾਂ ਵਲੋਂ ਮਾਰੈ=ਮਾਰ ਲੈਂਦਾ ਹੈ। ਉਹ ਸੰਸਾਰ ਸਮੁੰਦਰ ਤੋਂ ਆਪ ਭੀ ਤਰੈ=ਤਰਦਾ ਹੈ ਤੇ ਹੋਰਾਂ ਨੂੰ ਭੀ ਤਾਰੈ=ਤਾਰ ਲੈਂਦਾ ਹੈ। ਉਲਟਿ=ਮੁੜ ਕੇ ਜੂਨਾਂ ਦੇ ਚੱਕਰ ਵਿੱਚ ਨਹੀਂ ਆਉਂਦਾ।

## ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥

ਉਹ ਮਨੁੱਖ ਆਪ ਪਾਰਸ ਦਾ ਰੂਪ ਬਣ ਜਾਂਦਾ ਹੈ। ਪਰਮ ਧਿਆਨੀ=ਉੱਚੀ ਸੁਰਤ ਦਾ ਮਾਲਕ ਹੋ ਜਾਂਦਾ ਹੈ। ਉਹ ਆਪਣੇ ਨਿੱਜ ਸਰੂਪ ਨੂੰ ਪਾ ਕਰਕੇ ਸਾਚੁ=ਸਦਾ ਰਹਿਣ ਵਾਲੇ ਸੱਚੇ ਪ੍ਰਭੂ ਨੂੰ ਭਾਵਏ=ਭਾ ਜਾਂਦਾ ਹੈ।

PDF created with pdfFactory Pro trial version www.pdffactory.com

## ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥

ਅਨੰਦ ਰੂਪ ਪ੍ਰਮੇਸ਼ਰ ਨੂੰ ਪਾਉਣ ਕਰਕੇ ਅਨਦਿਨੁ=ਰਾਤ ਦਿਨ ਸਾਚਾ=ਸੱਚਾ ਹਰਖੁ=ਖੁਸ਼ੀ ਪ੍ਰਾਪਤ ਹੋਈ ਹੈ। ਦੂਖ=ਜੰਮਣ ਮਰਣ ਦਾ ਦੁਖ ਤੇ ਕਿਲਵਿਖ=ਨਿਸਚੇ ਕਰਕੇ ਸਾਰੇ ਪਾਪ, ਪਰਹਰੇ=ਦੂਰ ਕਰ ਲਏ ਹਨ।

## ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥

ਜਿਸ ਮਨੁੱਖ ਨੇ ਸਚੁ ਨਾਮੁ=ਸਦਾ ਰਹਿਣ ਵਾਲਾ ਨਾਮ ਗੁਰੂ ਦੁਆਰਾ ਪਾਇਆ=ਪ੍ਰਾਪਤ ਕਰ ਲਿਆ ਹੈ, ਉਸ ਨੂੰ ਗੁਰੂ ਜੀ ਨੇ ਆਪਣਾ ਸੁਧ ਸਰੂਪ ਵਿਖਾਉਣਾ ਕੀਤਾ ਹੈ। ਇਸ ਕਰਕੇ ਸਚ ਮਨੇ=ਸਚੇ ਨਾਮ ਨੂੰ ਜਪਣ ਕਰਕੇ ਤੇ ਮੰਨਣ ਕਰਕੇ ਮੈਲੁ ਨਾਹੀ=ਕਦੇ ਵੀ ਵਿਕਾਰਾਂ ਤੇ ਪਾਪਾਂ ਰੂਪ ਮੈਲ ਨਹੀਂ ਲਗਦੀ।

## ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥

ਸੰਗਤਿ=ਸਤਸੰਗਤ ਵਿੱਚ ਸਚੇ ਮੀਤ=ਪ੍ਰਭੂ ਦਾ ਮਿਲਾਪ ਹੋ ਜਾਣਾ। ਇਹੋ ਹੀ ਪੂਰਾ ਪੂਰਨ ਨਾਵਣੋ= ਇਸ਼ਨਾਨ ਹੈ।

## ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥

ਜਿਹੜਾ ਪ੍ਰਾਣੀ ਗੁਰੂ ਦੇ ਸ਼ਬਦ ਵਿੱਚ ਜੁੜ ਕੇ ਗਾਵਣਹਾਰੁ=ਗਾਵਣਜੋਗ ਪ੍ਰਭੂ ਦੇ ਗੁਣਾਂ ਨੂੰ ਗਾਵੈ=ਗਾਉਂਦਾ ਹੈ ਉਸ ਦਾ ਆਤਮਕ ਜੀਵਣ ਗੁਰ ਸ਼ਬਦ ਦੁਆਰਾ ਸੁਹਾਵਣੋ=ਸੋਭਨੀਕ ਬਣ ਜਾਂਦਾ ਹੈ।

ਪ੍ਰਸ਼ਨ :—ਤੀਰਥਾਂ ਤੇ ਜਾ ਕੇ ਸਭ ਲੋਕ ਪੁੰਨ ਦਾਨ ਕਰਦੇ ਹਨ ਇਸ ਤਰਫ ਪੁੰਨ ਦਾਨ ਕਿਹੜਾ ਕਰੇ

ਗੁਰ ਉੱਤਰ :—

## ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥

ਦਇਆ ਮਤੇ=ਸਤਿਗੁਰਾਂ ਦੇ ਉਪਦੇਸ਼ ਨੂੰ ਮੰਨਿ=ਮੰਨ ਕਰਕੇ, ਮਤੇ=ਮੱਤ ਭਾਵ ਬੁੱਧੀ ਵਿੱਚ ਦਇਆ ਧਾਰ ਕੇ ਸਾਲਾਹਿ ਸਾਚੇ=ਸਚੇ ਦੀ ਸਿਫਤ ਸਲਾਹ ਕਰਕੇ ਇਹੋ ਪੁੰਨ ਦਾਨ ਕਰੋ।

ਪ੍ਰਸ਼ਨ :—ਪੁੰਨ ਤੇ ਦਾਨ ਕਿਸਨੂੰ ਕਹਿੰਦੇ ਹਨ ?

ਉੱਤਰ :—ਪੁੰਨ :—ਸੰਗਰਾਦ, ਮੱਸਿਆ, ਸੂਰਜ ਗ੍ਰਹਿਣ ਆਦਿ ਪੁਰਬ ਸਮੇਂ ਜੋ ਪਦਾਰਥ ਦਿੱਤਾ ਜਾਵੇ, ਉਸਨੂੰ ਪੁੰਨ ਆਖਦੇ ਹਨ। ਦਾਨ=ਜੋ ਹਮੇਸ਼ਾ ਭਾਵ ਹਰ ਰੋਜ਼ ਦਿੱਤਾ ਜਾਵੇ ਉਸ ਨੂੰ ਦਾਨ ਆਖਿਆ ਜਾਂਦਾ ਹੈ।

## ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥

ਸੱਚੇ ਦੀ ਸਿਫਤ ਸਲਾਹ ਕਰਨ ਨਾਲ ਪਿਰ=ਪਤੀ ਪ੍ਰਭੂ ਦੀ ਸੰਗਿ=ਸੰਗਤ ਵਿੱਚ ਰਹਿ ਕਰਕੇ ਪਤੀ ਪ੍ਰਮੇਸ਼ਰ ਭਾਵੈ=ਪਿਆਰਾ ਲੱਗਣ ਲੱਗ ਜਾਂਦਾ ਹੈ, ਉਹ ਇਸ ਪ੍ਰਕਾਰ ਅੰਤ੍ਰੀਵ ਆਤਮਕ ਨਾਵੈ=ਇਸ਼ਨਾਨ ਕਰਦਾ ਹੈ। ਜਿਸ ਤਰ੍ਹਾਂ ਪ੍ਰਤੱਖ ਤੀਰਥ ਪਰ ਦਸ ਪੁਰਬ ਲੱਗਣ ਵੇਲੇ ਇਸ਼ਨਾਨ ਕਰੇ ਤਾਂ ਤ੍ਰਿਬੈਣੀ ਦੇ ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ। ਸਤ ਸਤੇ=ਜੋ ਨਿਸਚੇ ਕਰਕੇ ਸਤਸੰਗਤ ਵਿੱਚ ਸਚੇ ਨਾਮ ਰੂਪੀ ਤੀਰਥ ਤੇ ਇਸ਼ਨਾਨ ਕਰਦਾ ਹੈ ਤਿਸ ਨੂੰ ਜਮਨਾ, ਗੰਗਾ, ਸਰੁਸਤੀ ਵਾ ਕਰਮ, ਉਪਾਸਨਾ, ਗਿਆਨ ਰੂਪੀ ਤ੍ਰਿਬੈਣੀ ਦਾ ਸੰਗਮੁ=ਸੰਬਧਧ ਹੁੰਦਾ ਹੈ। ਇਹੀ ਜਗਿਆਸੂ ਵਾਸਤੇ ਤ੍ਰਿਬੈਣੀ ਦਾ ਸੰਗਮੁ=ਸੁਚੇ ਤੋਂ ਸੁਚਾ ਇਸ਼ਨਾਨ ਹੈ [੨] ਪ੍ਰਤੱਖ ਤੀਰਥ ਤੇ ਪੁਰਬ ਸਮੇਂ ਇਸ਼ਨਾਨ ਕਰਨ ਵਾਲੇ ਨੂੰ ਸੱਤਾਂ ਸਮੁੰਦਰਾਂ ਦੇ ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ। ਇਸ ਤਰਫ ਨਾਮ ਰੂਪ ਜਲ ਵਿੱਚ ਇਸ਼ਨਾਨ ਕਰਨ ਨਾਲ ਸਤ=ਨਿਸ਼ਚੇ ਕਰਕੇ ਸੱਤ ਸਾਧਨ :—[੧] ਵੈਰਾਗ [੨] ਵਿਵੇਕ [੩] ਖਟ ਸੰਪਤੀ [੪] ਮੋਖ ਇੱਛਾ [੫] ਸ੍ਰਵਣ [੬] ਮੰਨਣ [੭] ਨਿਧਿਆਸਣ ਇਹਨਾਂ ਦੀ ਪ੍ਰਾਪਤੀ ਰੂਪ ਸੱਤਾਂ ਸਮੁੰਦਰਾਂ ਦੇ ਇਸ਼ਨਾਨ ਦਾ ਫਲ ਮਿਲਦਾ ਹੈ।

PDF created with pdfFactory Pro trial version www.pdffactory.com

## ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥

ਹੇ ਭਾਈ ਏਕੰਕਾਰੁ=ਇਕ ਜੋ ਓਅੰਕਾਰ ਮੰਗਲ ਰੂਪ ਹੈ ਉਸ ਸਚੇ ਪ੍ਰਮੇਸ਼ਰ ਨੂੰ ਆਰਾਧਿ=ਸਿਮਰਣਾ ਕਰ। ਜਿਹੜਾ ਨਿਤ ਹੀ ਜੀਵਾਂ ਨੂੰ ਦਾਤਾਂ ਦੇਇ=ਦੇ ਰਿਹਾ ਹੈ, ਜਿਸ ਨੂੰ ਨਾਮ ਰੂਪੀ ਦਾਤ ਦਿੰਦਾ ਹੈ ਉਸ ਦਾ ਜਸ ਸਵਾਇਆ=ਅਧਿਕ ਤੋਂ ਅਧਿਕ ਚੜੈ=ਚੜਦਾ ਹੈ।

## ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥

ਸੱਚੇ ਸਤਿਗੁਰ ਮੀਤਾ=ਮਿੱਤਰ ਦੀ ਸਤਸੰਗਤ ਵਿੱਚ ਗਤਿ=ਪ੍ਰਾਪਤ ਹੋਏ ਤਾਂ ਗੁਰੂ ਰੂਪੀ ਸੰਤ ਦੀ ਸੰਗਤਿ ਵਿੱਚ ਆਉਣ ਕਰਕੇ ਗੁਰੂ ਜੀ ਨੇ ਨਦਰਿ=ਬਖਸ਼ਿਸ਼ ਕਰਕੇ ਪ੍ਰਮੇਸ਼ਰ ਦੇ ਨਾਲ ਮੇਲਿ ਮਿਲਾਇਆ=ਅਭੇਦ ਕਰ ਦਿਤਾ।

## ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥

ਹਰੇਕ ਜੀਵ ਕਹਣੁ ਕਹੈ=ਉਸ ਦੇ ਜਸ ਨੂੰ ਪ੍ਰਮੇਸ਼ਰ ਦੇ ਨਾਲ ਕਹਿਣ ਵਾਲਾ ਹੋ ਕੇ ਕਹੈ=ਕਹਿੰਦਾ ਹੈ। ਪਰ ਕੇਵਡ=ਉਸ ਨੂੰ ਕਿੱਡਾ ਕੁ ਵੱਡਾ ਆਖਣਾ ਕਰੀਏ। ਵਾ : ਕੋਈ ਦੱਸ ਨਹੀਂ ਸਕਦਾ ਕਿ ਉਹ ਕਿੱਡਾ ਵੱਡਾ ਹੈ।

## ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥

ਹਉ=ਮੈਂ ਮੂਰਖ ਨੀਚੁ ਅਜਾਣੁ=ਅਗਿਆਤ, ਅਗਿਆਨੀ ਸੀ, ਪਰ ਗੁਰਾਂ ਦੀ ਸਾਖੀਐ=ਸਿਖਿਆ ਕਰਕੇ ਸਮਝਾ=ਸਮਝਣਾ ਕੀਤਾ ਹੈ।

## ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥

ਸੱਚੇ ਗੁਰੂ ਦੀ ਭਾਖੀ=ਉਚਾਰਨ ਕੀਤੀ ਹੋਈ ਅੰਮ੍ਰਿਤ ਰੂਪ ਸਾਖੀ=ਸਿਖਿਆ ਦੁਆਰਾ ਗੁਰ ਸ਼ਬਦ ਵਿੱਚ ਹੀ ਮੇਰਾ ਮਨ ਮਾਨਿਆ=ਪਤੀਜ ਗਿਆ ਹੈ।

## ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥

ਜਿਹੜੇ ਜੀਵ ਮਾਇਆ ਦੇ ਮੋਹ ਬਿਖੁ=ਜ਼ਹਿਰ ਨਾਲ ਲਾਦੇ=ਲੱਦੇ ਹੋਇ ਜਗਤ ਵਿੱਚ ਆਵਹਿ=ਆਉਂਦੇ ਹਨ। ਗੁਰ ਸ਼ਬਦ ਨੂੰ ਵਿਸਾਰ ਕਰਕੇ ਸੰਸਾਰ ਵਿੱਚ ਬਿਖੁ=ਵਿਸ਼ਿਆਂ ਰੂਪ ਜ਼ਹਿਰ ਨੂੰ ਲੱਦ ਕੇ ਕੂਚੁ ਕਰਹਿ=ਚਲੇ ਜਾਂਦੇ ਹਨ। ਪਰ ਜਿਹੜੇ ਮਨੁੱਖ ਸਬਦਿ ਸਚੈ=ਸੱਚੇ ਸ਼ਬਦ ਦੁਆਰਾ ਪ੍ਰਭੂ ਦੀ ਸਿਫਤ ਵਿੱਚ ਜੁੜਦੇ ਹਨ, ਉਹਨਾਂ ਨੂੰ ਗੁਰੂ ਇਸ ਜ਼ਹਿਰ ਦੇ ਭਾਰ ਤੋਂ ਬਚਾ ਲੈਂਦੇ ਹਨ।

## ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
## ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥

ਪ੍ਰਮਾਤਮਾ ਦੀ ਭਗਤੀ ਦੇ ਭੰਡਾਰੀ=ਭੰਡਾਰੇ ਭਰੇ ਹੋਏ ਆਖਣਿ=ਹੋਣ ਕਰਕੇ ਉਸਨੂੰ ਕਦੇ ਤੋਟਿ ਨ=ਘਾਟਾ ਨਹੀਂ ਹੁੰਦਾ। ਕਿਉਂਕਿ ਉਹ ਪ੍ਰਮੇਸ਼ਰ ਸਾਰੇ ਭਰਿਪੁਰਿ=ਹਰ ਥਾਂ ਬਿਆਪਕ ਹੈ। ਗੁਰੂ ਜੀ ਆਖਦੇ ਹਨ ਜੋ ਜਗਿਆਸੂ ਉਸ ਸੱਚੇ ਦੇ ਦਰ ਤੇ ਬੇਨੰਤੀ=ਅਰਦਾਸ ਕਰਦਾ ਹੈ। ਇਸ ਤਰ੍ਹਾਂ ਆਪਣੇ ਮਨ ਨੂੰ ਮਾਂਜੈ=ਬਿਕਾਰਾਂ ਦੀ ਮੈਲ ਤੋਂ ਰਹਿਤ ਕਰ ਲੈਂਦਾ ਹੈ। ਸੋਈ=ਉਹ ਸਚੁ=ਸੱਚੇ ਪ੍ਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੧੦੦ [ਆਦਿ ਅੰਗ ੬੮੯]

***ਧਨਾਸਰੀ ਛੰਤ ਮਹਲਾ ੧ ॥ ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥ ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥ ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥ ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥ ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥ ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥੧॥ ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥ ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ ॥ ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥ ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥ ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥੨॥ ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥ ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥ ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥ ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥ ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥ ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥੩॥ ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ ਝੂਠੁ ਵੈਣ ਚਵੇ ਕਾਮਿ ਨ ਆਵਏ ਜੀਉ ॥ ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥ ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥ ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥ ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥ ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥ ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥ ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥ ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥***

## ਧਨਾਸਰੀ ਛੰਤ ਮਹਲਾ ੧ ॥

ਧਨਾਸਰੀ ਰਾਗਣੀ ਵਿੱਚ ਛੰਤ ਰੂਪ ਬਾਣੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਹੈ। ਛੰਤ ਦੀ ਵਿਚਾਰ ਪਿਛਲੇ ਮੁਖਵਾਕ ਵਿੱਚ ਆ ਚੁੱਕੀ ਹੈ। ਜਗਿਆਸੂ, ਮਹਾਤਮਾ ਦੇ ਸੰਬਾਦ ਦੁਆਰਾ ਪਤੀ-ਸਤੀ ਦਾ ਰੂਪਕ ਅਲੰਕਾਰ ਵਰਤਦੇ ਹੋਏ ਕਥਨ ਕਰਦੇ ਮਹਾਤਮਾ ਕਹਿ ਰਹੇ ਹਨ :—

## ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥

ਕਾਮ ਆਦਿਕਾਂ ਦੁਆਰਾ ਮੂਠੜੀਏ=ਲੁੱਟੀ ਹੋਈ ਜਗਿਆਸੂ ਰੂਪ ਇਸਤ੍ਰੀਏ! ਪਿਰ=ਪਤੀ ਪ੍ਰਮਾਤਮਾ ਤੇਰੇ ਸੰਗਿ=ਨਾਲ ਹੈ ਪਰ ਤੂੰ ਅਜੇ ਤੱਕ ਅਗਿਆਨ ਕਾਰਨ ਉਸ ਦੀ ਖਬਰਿ=ਗਿਆਤ, ਸੋਝੀ ਨਹੀਂ ਪਾਈ। ਜੀਉ ਪਦ ਪੂਰਤੀ ਲਈ ਵਰਤਿਆ ਹੈ।

## ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥

ਜਿਹੋ ਜਿਹਾ ਕਰਮ ਪੁਰਬਿ=ਪੂਰਬਲੇ ਭਾਵ ਪਹਿਲੇ ਜਨਮਾਂ ਵਿੱਚ ਕਰਨਾ ਕੀਤਾ ਹੈ, ਉਹੋ ਜਿਹਾ ਹੀ ਲੇਖ ਤੇਰੇ ਮੱਥੇ ਉਤੇ ਲਿਖਿਆ ਗਿਆ ਹੈ।

PDF created with pdfFactory Pro trial version www.pdffactory.com

ਯਥਾ— **ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥** [ਦਖਣੀ ਓਅੰਕਾਰ ਮ: ੧, ਅੰਗ ੯੩੭]

## ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥

ਪੁਰਬਿ=ਪੂਰਬਲੇ ਜਨਮ ਦੇ ਕਮਾਇਆ=ਕੀਤੇ ਹੋਏ ਕਰਮ ਦਾ ਲੇਖ ਜੋ ਮਥੇ ਤੇ ਲਿਖਿਆ ਗਿਆ ਹੈ ਉਹ ਭੋਗੇ ਬਿਨਾਂ ਮਿਟਦਾ ਨਹੀਂ ਹੈ। ਕਿਆ ਜਾਣਾ=ਕੀ ਜਾਣੀਏ ਅੱਗੇ ਜਾ ਕੇ ਪ੍ਰਲੋਕ ਵਿੱਚ ਕੀ ਹੋਸੀ=ਹੋਵੇਗਾ।

## ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥

ਗੁਰੂ ਸਾਹਿਬ ਦੀ ਪ੍ਰਾਪਤੀ ਦੇ ਵਾ-ਗੁਣੀ=ਗਿਆਨ ਦੀ ਪ੍ਰਾਪਤੀ ਲਈ ਕਰਤਬ ਨਹੀਂ ਕੀਤੇ ਵਾ-ਗੁਣੀ= ਗੁਣਵਾਨ ਹੋ ਕੇ ਤੂੰ ਰੰਗਿ=ਪ੍ਰੇਮ ਰੂਪ ਅਚਾਰਿ=ਕਰਤਬ ਵਿੱਚ ਰਾਤੀ=ਪ੍ਰੀਤਵਾਨ ਨਹੀਂ ਹੋਈ ਅਤੇ ਉਨ੍ਹਾਂ ਕੀਤੇ ਔਗਣਾਂ ਨੂੰ ਚੇਤੇ ਕਰਕੇ ਬਹਿ ਬਹਿ=ਝੂਰ ਝੂਰਕੇ ਰੋਵੇਂਗੀ।

## ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥

ਧਨੁ=ਰੁਪਇਆ ਪੈਸਾ, ਜੋਬਨੁ=ਜਵਾਨੀ-ਬਲ ਵਾਲੀ ਉਮਰ ਇਹ ਸਭ ਕੁਝ ਆਕ=ਅੱਕ ਦੀ ਛਾਇਆ=ਛਾਂ ਵਾਂਗ ਹਨ। ਜਿਵੇਂ ਅੱਕ ਦੀ ਛਾਂ ਕਿਸੇ ਕੰਮ ਨਹੀਂ ਆਉਂਦੀ ਇਸੇ ਤਰ੍ਹਾਂ ਧਨ ਜੁਆਨੀ ਵੀ ਅੰਤ ਨੂੰ ਕਿਸੇ ਕੰਮ ਨਹੀਂ ਆਉਂਦੇ। ਜਿਵੇਂ ਅੱਕ ਦੀ ਛਾਂ ਥੋੜ੍ਹੇ ਥਾਂ ਅਤੇ ਥੋੜ੍ਹੇ ਸਮੇਂ ਲਈ ਹੁੰਦੀ ਹੈ। ਜਿਸ ਕੋਲੋਂ ਕਿਸੇ ਪ੍ਰਾਣੀ ਨੂੰ ਕੋਈ ਬਹੁਤਾ ਸੁਖ ਨਹੀਂ ਪ੍ਰਾਪਤ ਹੁੰਦਾ। ਇਸੇ ਤਰ੍ਹਾਂ ਧਨ ਅਤੇ ਜੁਆਨੀ ਬਹੁਤਾ ਸਮਾਂ ਨਹੀਂ ਰਹਿੰਦੇ। ਜਦੋਂ ਬਿਰਧਿ ਭਏ=ਬੁੱਢੇ ਹੋ ਗਏ ਤਾਂ ਉਮਰ ਦੇ ਦਿਨ ਪੁੰਨਿਆ=ਪੂਰਨ ਹੋ ਗਏ। ਬਾਣੀ ਵਿੱਚ ਹੋਰ ਵੀ ਇਸ ਸਿਧਾਂਤ ਨੂੰ ਸਪੱਸ਼ਟ ਕਰਦੇ ਅਨੇਕਾਂ ਪ੍ਰਮਾਣ ਹਨ।

ਯਥਾ— **ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥**
**ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥**
**ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥**
**ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ਰਹਾਉ॥** [ਸਿਰੀਰਾਗੁ ਮ: ੧, ਅੰਗ ੨੩]

ਇਹ ਧਨ-ਜੁਆਨੀ ਮਾਇਆ ਰੂਪ ਹੈ ਤੇ ਮਾਇਆ ਛਲ ਸਰੂਪ ਹੈ। ਕੈਸੀ ਨਿਕੰਮੀ ਹੈ ਕਿ ਘਾਹ ਦੀ ਅੱਗ, ਬੱਦਲਾਂ ਦੀ ਛਾਇਆ ਦੀ ਤਰ੍ਹਾਂ ਨਾਸਵਾਨ ਹੈ।

ਯਥਾ— **ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ**
**ਗੋਬਿਦ ਭਜਨ ਬਿਨੁ ਹੜ ਕਾ ਜਲੁ ॥** [ਟੋਡੀ ਮ: ੫, ਅੰਗ ੭੧੭]

## ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥੧॥

ਸਤਿਗੁਰੂ ਜੀ ਆਖਦੇ ਹਨ ਕਿ ਜੋ ਜਗਿਆਸੂ ਰੂਪ ਇਸਤਰੀ ਵਾਹਿਗੁਰੂ ਨਾਮ ਤੋਂ ਬਿਨਾਂ=ਰਹਿਤ ਹੋ ਰਹੀ ਹੈ ਭਾਵ ਜਿਸ ਨੇ ਨਾਮ ਵਿਸਾਰਿਆ ਹੋਇਆ ਹੈ। ਉਸਨੂੰ ਝੂਠ ਨੇ ਸਦਾ ਹੀ ਆਪਣੇ ਪਤੀ ਪ੍ਰਮਾਤਮਾ ਵਲੋਂ ਵਿਛੁੰਨਿਆ=ਵਿਛੋੜ ਦਿੱਤਾ ਹੈ। ਜਿਸ ਲਈ ਉਹ ਛੂਟੀ=ਛੁੱਟੜ ਔਰਤ ਦੀ ਨਿਆਈਂ ਦੋਹਾਗਣਿ=ਖੋਟੇ ਕਰਮਾਂ ਵਾਲੀ ਹੋ ਰਹੀ ਹੈ।

## ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥

ਹੇ ਵਿਕਾਰਾਂ ਵਿੱਚ ਡੁੱਬੀ ਹੋਈਏ ਤੂੰ ਆਪਣੇ ਸਰੀਰ ਰੂਪ ਘਰ ਨੂੰ ਘਾਲਿਓ=ਤਬਾਹ ਕਰ ਲਿਆ ਹੈ ਵਾ-

PDF created with pdfFactory Pro trial version www.pdffactory.com

ਹੇ ਪਦਾਰਥਾਂ ਵਿੱਚ ਡੁੱਬੀ ਹੋਈਏ ਤੂੰ ਆਪਣੇ ਸਰੂਪ ਰੂਪ ਘਰ ਨੂੰ ਘਾਲਿਓ=ਪਾਉਣਾ ਕਰ। ਸਰੀਰ ਰੂਪ ਘਰ ਨੂੰ ਵਿਕਾਰਾਂ ਵਿੱਚ ਤਬਾਹ ਹੋਣ ਤੋਂ ਬਚਾਉਣ ਲਈ ਵਾ-ਆਪਣੇ ਸਰੂਪ ਨੂੰ ਪ੍ਰਾਪਤ ਕਰਨ ਲਈ ਗੁਰੂ ਦੇ ਭਾਣੇ ਅਨੁਸਾਰ ਭਾਵ ਗੁਰੂ ਦੀ ਆਗਿਆ ਵਿੱਚ ਚੱਲਣਾ ਕਰ।

## ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੌ ॥

ਉਸ ਸਚੇ ਵਾਹਿਗੁਰੂ ਦੇ ਨਾਮ ਨੂੰ ਧਿਆਉਣਾ ਕਰ ਤਾਂ ਤੂੰ ਮਹਲੌ=ਸਰੂਪ ਸੁਖ ਨੂੰ ਪਾ ਲਵੇਂਗੀ ਵਾ :—ਆਪਣੇ ਸਰੂਪ ਨੂੰ ਪਾ ਕੇ ਸੁਖੀ ਹੋਵੇਂਗੀ।

## ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ ॥

ਜੇ ਤੂੰ ਸਦੀਵੀ ਸੁਖ ਤੂੰ ਪ੍ਰਾਪਤ ਕਰਨਾ ਚਾਹੁੰਦੀ ਹੈ ਤਾਂ ਉਸ ਹਰਿ=ਵਾਹਿਗੁਰੂ ਦੇ ਨਾਮ ਨੂੰ ਧਿਆਉਣਾ ਕਰ। ਇਸ ਸੰਸਾਰ ਰੂਪ ਪੇਕੇ ਘਰ ਤਾਂ ਚਾਰ ਦਿਨ ਹੀ ਰਹਿਣਾ ਹੈ। ਇਸ ਲਈ ਇਸ ਸੰਸਾਰ ਦੇ ਸੁਖ ਵੀ ਚਾਰ ਦਿਨ ਭਾਵ ਥੋੜਾ ਸਮਾਂ ਰਹਿਣ ਵਾਲੇ ਹਨ। ਸਦੀਵੀ ਸੁਖ ਪ੍ਰਮਾਤਮਾ ਦੇ ਨਾਮ ਦੁਆਰਾ ਬ੍ਰਹਮ ਵਿੱਚ ਅਭੇਦ ਹੋਣ ਤੋਂ ਪ੍ਰਾਪਤ ਹੁੰਦਾ ਹੈ। ਇਸ ਲਈ ਤੂੰ ਸੰਸਾਰੀ ਸੁਖਾਂ ਦੀ ਆਸ ਛੱਡ ਕੇ ਨਾਮ ਨੂੰ ਧਿਆਉਣਾ ਕਰ।

## ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥

ਜਦੋਂ ਤੂੰ ਸਤਿਗੁਰਾਂ ਪਾਸੋਂ ਸਚੇ ਵਾਹਿਗੁਰੂ ਦੇ ਨਾਮ ਨੂੰ ਪਾਏ=ਪ੍ਰਾਪਤ ਕਰ ਲਵੇਂਗੀ ਤਾਂ ਨਾਮ ਦੁਆਰਾ ਨਿਜ ਘਰਿ=ਆਪਣੇ ਸਰੂਪ ਰੂਪ ਘਰ ਵਿੱਚ ਜਾ ਬੈਠੇਂਗੀ ਅਤੇ ਅਨਦਿਨੁ=ਰਾਤ ਦਿਨ ਆਪਣੇ ਪਿਆਰੇ ਪ੍ਰਭੂ ਨਾਲ ਅਨੰਦ ਨੂੰ ਮਾਨਣਾ ਕਰੇਗੀ।

## ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥

ਹੇ ਸੰਸਾਰ ਦੇ ਸਬਾਏ=ਸਾਰੇ-ਤਮਾਮ ਲੋਕੋ ਸੁਨਣਾ ਕਰੋ ਕਿ ਉਸ ਪ੍ਰਭੂ ਦੀ ਭਗਤੀ ਤੋਂ ਬਿਨਾਂ ਸਰੂਪ ਰੂਪ ਘਰ ਵਿੱਚ ਵਾਸਾ ਨਹੀਂ ਹੋਵੇਗਾ। ਸਰੂਪ ਰੂਪ ਘਰ ਵਿੱਚ ਵਾਸਾ ਪਾਉਣ ਲਈ ਇਕ ਪ੍ਰਭੂ ਦੀ ਭਗਤੀ ਹੀ ਸ੍ਰੇਸ਼ਟ ਸਾਧਨਾ ਹੈ।

## ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥੨॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਦ ਤੂੰ ਸਚੇ ਪ੍ਰਭੂ ਦੇ ਨਾਮ ਵਿੱਚ ਰਾਤੀ=ਤਦਾਕਾਰ ਹੋਵੇਂਗੀ ਤਾਂ ਆਪਣੇ ਪਿਰੁ=ਪਤੀ ਪ੍ਰਮੇਸ਼ਰ ਨੂੰ ਪਾਏ=ਪ੍ਰਾਪਤ ਕਰਕੇ ਸਰਸੀ=ਸਹਿਤ ਰਸ ਭਾਵ ਅਨੰਦ ਸਹਿਤ ਹੋਵੇਂਗੀ।

## ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥

ਜਦੋਂ ਪਿਰੁ=ਪਤੀ ਪ੍ਰਮੇਸ਼ਰ ਦਾ ਪ੍ਰੇਮ ਜਗਿਆਸੂ ਰੂਪ ਇਸਤ੍ਰੀ ਦੇ ਮਨ ਨੂੰ ਭਾ ਗਿਆ ਉਦੋਂ ਹੀ ਪਿਰ=ਪਤੀ ਪ੍ਰਮੇਸ਼ਰ ਨੂੰ ਜਗਿਆਸੂ ਰੂਪ ਇਸਤ੍ਰੀ ਭਾ ਜਾਵੇਗੀ।

## ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥

ਜੋ ਜਗਿਆਸੂ ਰੂਪ ਇਸਤ੍ਰੀ ਸਤਿਗੁਰਾਂ ਦੇ ਸਬਦਿ=ਉਪਦੇਸ ਨੂੰ ਵਿਚਾਰਨ ਵਾਲੀ ਹੈ ਉਹੀ ਪ੍ਰੀਤਮ=ਵਾਹਿਗੁਰੂ ਦੇ ਰੰਗਿ=ਪ੍ਰੇਮ ਵਿੱਚ ਰਾਤੀ=ਤਦਾਕਾਰ ਹੋਈ ਹੈ।

PDF created with pdfFactory Pro trial version www.pdffactory.com

## ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥

ਜੋ ਸਤਿਗੁਰਾਂ ਦੇ ਸਬਦਿ=ਉਪਦੇਸ਼ ਨੂੰ ਵੀਚਾਰਨ ਵਾਲੀ ਹੋ ਕੇ ਨਿਉਂ-ਨਿਉਂ ਕੇ ਭਗਤੀ ਕਰਦੀ ਹੈ ਵਾ-ਤਨ ਨੂੰ ਨੀਵਾਂ ਕਰਕੇ ਤੇ ਮਨ ਨੂੰ ਨੀਵਾਂ ਕਰਕੇ ਭਾਵ ਤਨ ਮਨ ਨੂੰ ਨਿਮਰਤਾ ਵਿੱਚ ਲਿਆ ਕੇ ਪ੍ਰਭੂ ਦੀ ਭਗਤੀ ਕਰਦੀ ਹੈ, ਉਹ ਜਗਿਆਸੂ ਰੂਪ ਇਸਤ੍ਰੀ ਨਾਹ=ਪਤੀ ਪ੍ਰਮੇਸ਼ਰ ਨੂੰ ਪਿਆਰੀ ਹੈ।

## ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥

ਉਹ ਮਾਇਆ ਦੇ ਮੋਹ ਨੂੰ ਜਲਾਏ=ਸਾੜ ਕੇ ਪ੍ਰੀਤਮੁ=ਵਾਹਿਗੁਰੂ ਦੇ ਰਸ=ਪ੍ਰੇਮ ਵਿੱਚ ਰੰਗੁ=ਅਨੰਦ ਮਾਣਦੀ ਹੈ। ਕਿਉਂਕਿ ਜਿਤਨੀ ਦੇਰ ਤੱਕ ਮਾਇਕੀ ਪਦਾਰਥਾਂ ਦਾ ਮੋਹੁ=ਪ੍ਰੇਮ ਹਿਰਦੇ ਵਿੱਚ ਵਸਦਾ ਹੈ ਅਥਵਾ ਮਾਇਆ ਦਾ, ਸੰਸਾਰ ਦੇ ਸਬੰਧੀਆਂ ਦਾ ਹਿਰਦੇ ਵਿੱਚ ਪ੍ਰੇਮ ਹੈ ਉਦੋਂ ਤੱਕ ਪ੍ਰਭੂ ਦੇ ਨਾਮ ਦਾ ਪ੍ਰੇਮ ਹਿਰਦੇ ਵਿੱਚ ਪੈਦਾ ਨਹੀਂ ਹੁੰਦਾ ਤੇ ਪ੍ਰੇਮ ਤੋਂ ਬਿਨਾਂ ਨਾਮ ਵਿਚੋਂ ਰਸ ਨਹੀਂ ਆਉਂਦਾ, ਅਤੇ ਨਾ ਹੀ ਜਪਿਆ ਹੋਇਆ ਨਾਮ ਸਫਲਾ ਹੋ ਸਕਦਾ ਹੈ। ਇਸ ਲਈ ਨਾਮ ਦਾ ਰਸ ਪ੍ਰਾਪਤ ਕਰਨ ਲਈ ਮਾਇਆ ਰਹਿਤ ਪਦਾਰਥਾਂ ਦੇ ਮੋਹ ਨੂੰ ਵੀਚਾਰ ਅਗਨੀ ਦੁਆਰਾ ਵਾ ਗੁਰਾਂ ਦੇ ਉਪਦੇਸ਼ ਰੂਪ ਅਗਨੀ ਨਾਲ ਸਾੜਨਾ ਪਵੇਗਾ, ਫਿਰ ਸਾਡੇ ਹਿਰਦੇ ਵਿੱਚ ਪ੍ਰਭੂ ਦੇ ਨਾਮ ਦਾ ਪ੍ਰੇਮ ਪੈਦਾ ਹੋਵੇਗਾ ਪ੍ਰੇਮ ਦੁਆਰਾ ਜਪੇ ਹੋਏ ਨਾਮ ਵਿਚੋਂ ਆਤਮਕ ਅਨੰਦ ਦੀ ਪ੍ਰਾਪਤੀ ਹੋਵੇਗੀ। ਜਿਸ ਅਨੰਦ ਨੂੰ ਪ੍ਰਾਪਤ ਕਰਕੇ ਸੰਸਾਰ ਦੇ ਪਦਾਰਥਾਂ ਦੇ ਰਸ ਦਾ ਅਨੰਦ ਚੰਗਾ ਨਹੀਂ ਲੱਗੇਗਾ।

ਯਥਾ— **ਇਹ ਰਸ ਛਾਡੇ ਉਹ ਰਸੁ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥**

[ਗਉੜੀ ਕਬੀਰ ਜੀ, ਅੰਗ ੩੪੨]

## ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥

ਜੋ ਜਗਿਆਸੂ ਰੂਪ ਇਸਤ੍ਰੀ ਆਪਣੇ ਮਨ ਨੂੰ ਮਾਰ ਕੇ ਸਚੇ ਪ੍ਰਭ=ਮਾਲਕ ਦੇ ਨਾਮ ਰੰਗ ਨਾਲ ਰੰਗੇਤੀ=ਰੰਗੀ ਗਈ ਹੈ ਉਹ ਲਾਲ=ਪਿਆਰੇ ਵਾਹਿਗੁਰੂ ਦਾ ਰੂਪ ਹੀ ਭਈ=ਹੋ ਗਈ ਹੈ।

## ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥੩॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਉਹੀ ਜਗਿਆਸੂ ਰੂਪ ਇਸਤ੍ਰੀ ਸੋਹਾਗਣਿ=ਸੁਹਾਗ ਵਾਲੀ ਹੈ ਉਹ ਪ੍ਰਭੂ ਨੂੰ ਪਿਆਰੀ ਹੈ ਜੋ ਆਪਣੇ ਪਿਰ=ਪਤੀ ਪ੍ਰਮੇਸ਼ਰ ਸਿਉ=ਨਾਲ ਪ੍ਰੀਤਿ=ਪ੍ਰੀਤੀ-ਪਿਆਰ ਕਰਦੀ ਹੈ। ਐਸੀ ਜਗਿਆਸੂ ਰੂਪ ਇਸਤਰੀ ਦਾ ਹੀ ਸੱਚ ਸਰੂਪ ਵਿੱਚ ਵਾਸਾ ਹੁੰਦਾ ਹੈ। ਅਥਵਾ-ਸਤਿਗੁਰੂ ਜੀ ਕਥਨ ਕਰਦੇ ਹਨ ਜੋ ਇਸ ਤਰ੍ਹਾਂ ਸੱਚ ਵਿੱਚ ਵਸੀ ਹੈ ਅਤੇ ਪਤੀ ਪ੍ਰਮੇਸ਼ਰ ਨਾਲ ਪ੍ਰੀਤ ਕਰਦੀ ਹੈ ਉਹ ਸੁਹਾਗਣ ਪਤੀ ਦੀ ਪਿਆਰੀ ਹੈ।

## ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥

ਜਿਹੜੀ ਜਗਿਆਸੂ ਰੂਪ ਇਸਤਰੀ ਪਿਰ=ਪਤੀ ਪ੍ਰਮੇਸ਼ਰ ਨੂੰ ਭਾਉਂਦੀ ਹੈ ਉਹੀ ਪਿਰ=ਪਤੀ ਪ੍ਰਮੇਸ਼ਰ ਦੇ ਸਰੂਪ ਰੂਪੀ ਘਰ ਵਿੱਚ ਸੋਭਾ ਪਾਉਂਦੀ ਹੈ।

## ਝੂਠੁ ਵੈਣ ਚਵੇ ਕਾਮਿ ਨ ਆਵਏ ਜੀਉ ॥

ਜੋ ਪਤੀ ਅੱਗੇ ਝੂਠੇ ਬਚਨ ਬੋਲਦੀ ਹੈ ਉਹ ਜਗਿਆਸੂ ਰੂਪ ਇਸਤ੍ਰੀ ਵਾਹਿਗੁਰੂ ਪਤੀ ਦੇ ਕੰਮ ਨਹੀਂ ਆਉਂਦੀ ਵਾ :—ਸੰਸਾਰ ਵਿੱਚ ਰਹਿੰਦਿਆਂ ਚਵੇ=ਕਹੇ ਹੋਏ ਝੂਠੇ ਬਚਨ ਪ੍ਰਲੋਕ ਵਿੱਚ ਵਾ-ਵਾਹਿਗੁਰੂ ਪਤੀ ਦੇ ਮਿਲਾਪ ਕਰਾਉਣ ਵਿੱਚ ਕੰਮ ਨਹੀਂ ਆਉਂਦੇ।

PDF created with pdfFactory Pro trial version www.pdffactory.com

## ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥

ਜੋ ਝੂਠੇ ਬਚਨ ਬੋਲਣ ਵਾਲੀ ਹੈ ਉਹ ਪਤੀ ਦੇ ਕੰਮ ਨਹੀਂ ਆਉਂਦੀ। ਉਸਨੂੰ ਪਤੀ ਨੈਣੀ=ਅੱਖਾਂ ਦੁਆਰਾ ਵੇਖਦਾ ਵੀ ਨਹੀਂ ਹੈ।

## ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥

ਜਿਸ ਔਗਣਾਂ ਵਾਲੀ ਨੂੰ ਕੰਤਿ=ਪਤੀ ਨੇ ਭੁਲਾ ਦਿੱਤਾ ਹੈ ਉਸ ਛੂਟੀ=ਛੁੱਟੜ ਦੀ ਅਵਸਥਾ ਰੂਪੀ ਰੈਣੀ=ਰਾਤ ਵਿਧਣ=ਦੁਖਾਂ ਵਿੱਚ ਹੀ ਬਤੀਤ ਹੁੰਦੀ ਹੈ।

## ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥

ਜੋ ਗੁਰਾਂ ਦੇ ਸ਼ਬਦ=ਉਪਦੇਸ਼ ਨੂੰ ਨ ਮਾਨੈ=ਨਹੀਂ ਮੰਨਦੀ ਅਤੇ ਮੋਹ ਦੀ ਫਾਹੀ ਵਿਚ ਫਾਥੀ=ਫਸੀ ਹੋਈ ਹੈ। ਉਹ ਜੀਵ ਰੂਪ ਇਸਤ੍ਰੀ ਆਪਣੇ ਮਹਲੁ=ਸਰੂਪ ਰੂਪ ਘਰ ਨੂੰ ਨਹੀਂ ਪ੍ਰਾਪਤ ਕਰ ਸਕਦੀ।

## ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥

ਸਤਿਗੁਰੂ ਜੀ ਆਖਦੇ ਹਨ ਕਿ ਗੁਰਾਂ ਦੇ ਉਪਦੇਸ਼ ਦੁਆਰਾ ਆਪਣੇ ਸਰੂਪ ਨੂੰ ਆਪ ਪਛਾਣੇ ਤਾਂ ਸਹਜਿ=ਸ਼ਾਂਤੀ ਵਿੱਚ ਸਮਾਏ=ਸਮਾਉਂਦੀ ਹੈ।

## ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥

ਉਹ ਸੋਹਾਗਣਿ=ਸੋਹਾਗਵੰਤੀ ਨਾਰਿ=ਇਸਤਰੀ ਧਨ=ਧੰਨਤਾ ਯੋਗ ਹੈ ਜਿਨਿ=ਜਿਸਨੇ ਪਿਰੁ=ਪਤੀ ਪ੍ਰਮਾਤਮਾ ਨੂੰ ਜਾਣ ਲਿਆ ਹੈ।

## ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥

ਜੋ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਕੂੜੁ=ਝੂਠੇ, ਦਿਖਾਵੇ ਵਾਲੇ ਕਰਮ ਕਮਾਣਿਆ=ਕਮਾਉਂਦੀ ਹੈ ਉਹ ਜੀਵ ਰੂਪ ਇਸਤ੍ਰੀ ਕੂੜਿਆਰਿ=ਝੂਠੀ ਹੈ।

## ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥

ਜੋ ਹਰਿ=ਵਾਹਿਗੁਰੂ ਦੀ ਭਗਤੀ ਕਰਕੇ ਸੁਹਾਵੀ=ਸੋਭਨੀਕ ਹੋਈ ਤੇ ਪ੍ਰਭੂ ਦੀ ਭਾਇ=ਪ੍ਰੇਮਾ ਭਗਤੀ ਵਿੱਚ ਰਾਤੀ=ਪ੍ਰੀਤਵਾਨ ਹੋਈ ਰਹਿੰਦੀ ਹੈ, ਉਹੀ ਸਚੇ ਵਾਹਿਗੁਰੂ ਨੂੰ ਭਾਇ=ਭਾਂਵਦੀ ਹੈ।

## ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥

ਉਹ ਪਿਰੁ=ਪਤੀ ਪ੍ਰਮਾਤਮਾ ਰਲੀਆਲਾ=ਖੁਸ਼ੀਆਂ ਦੇ ਦੇਣ ਵਾਲਾ ਤੇ ਜੋਬਨਿ ਬਾਲਾ=ਚੜ੍ਹਦੀ ਜਵਾਨੀ ਵਾਲਾ ਹੈ ਜੋ ਉਸਦੇ ਰੰਗਿ=ਪ੍ਰੇਮ ਵਿੱਚ ਰਾਤੀ=ਭਿੱਜੀ ਰਹਿੰਦੀ ਹੈ ਉਸਦੇ ਰੰਗਿ=ਅਨੰਦ ਨੂੰ ਭੋਗਦੀ ਹੈ।

## ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥

ਜੋ ਜਗਿਆਸੂ ਰੂਪ ਇਸਤ੍ਰੀ ਗੁਰਾਂ ਦੇ ਸਬਦਿ=ਉਪਦੇਸ਼ ਨੂੰ ਪ੍ਰਾਪਤ ਕਰਕੇ ਵਿਗਾਸੀ=ਪ੍ਰਸੰਨ ਹੋਈ ਹੈ ਉਸ ਗੁਣਕਾਰੀ=ਗੁਣਾਂ ਵਾਲੀ ਨੇ ਗਿਆਨ ਫਲ ਨੂੰ ਪਾਇਆ ਹੈ। ਜਿਸਨੇ ਗਿਆਨ ਫਲ ਨੂੰ ਪਾਇਆ ਹੈ ਉਹ ਸਹੁ=ਪਤੀ ਪ੍ਰਮੇਸ਼ਰ ਦੇ ਅਨੰਦ ਨੂੰ ਰਾਵਾਸੀ=ਮਾਣਦੀ ਹੈ।

PDF created with pdfFactory Pro trial version www.pdffactory.com

## ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥

ਸਤਿਗੁਰੂ ਜੀ ਆਖਦੇ ਹਨ ਕਿ ਜਿਸ ਨੂੰ ਸੱਚ ਸਰੂਪ ਦੀ ਪ੍ਰਾਪਤੀ ਰੂਪ ਵਡਿਆਈ ਮਿਲੀ ਹੈ ਉਹ ਇਸਤਰੀ ਪਿਰ=ਪਤੀ ਪ੍ਰਮੇਸ਼ਰ ਦੇ ਘਰ ਵਿੱਚ ਸੋਭਦੀ ਹੈ। ਵਾ-ਸੱਚ ਨਾਮ ਕਰਕੇ ਉਸ ਨੂੰ ਉਹ ਵਡਿਆਈ ਮਿਲਦੀ ਹੈ ਕਿ ਜਗਿਆਸੂ ਰੂਪ ਇਸਤ੍ਰੀ ਪਤੀ ਪ੍ਰਮਾਤਮਾ ਦੇ ਸਰੂਪ ਘਰ ਵਿੱਚ ਸੋਭਾ ਪਾਉਂਦੀ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com